# PUNJABI

*(Maximum Marks : 80)*

***(Time allowed : Three hours)***

*(Candidates are allowed **additional 15 minutes** for **only** reading the paper. They must NOT start writing during this time.)*

---

*Answer questions 1, 2 and 3 in Section A and **four** other questions from Section **B** on **at least three** of the prescribed textbooks.*

*The intended marks for questions or parts of questions are given in brackets [ ].*

---

## SECTION—A

**Question 1** **LANGUAGE – 40 Marks**

Write a composition of approximately **400** words in Punjabi, on **any ONE** of the topics given below : [15]

ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਵਿਸ਼ੇ ਉਪਰ ਲਗਭਗ **400** ਸ਼ਬਦਾਂ ਦਾ ਲੇਖ ਲਿਖੋ :

**(i)** ਬੱਚੇ ਦੇ ਚਰਿੱਤਰ ਨਿਰਮਾਣ ਵਿੱਚ ਮਾਂ-ਬਾਪ ਦੀ ਭੂਮਿਕਾ।

**(ii)** "ਇਨਸਾਨ ਆਪਣੀ ਕਿਸਮਤ ਦਾ ਖ਼ੁਦ ਸਿਰਜਣਹਾਰ ਹੈ।" ਇਸ ਕਥਨ ਦੇ ਹੱਕ ਜਾਂ ਵਿਰੋਧ ਵਿਚ ਆਪਣੇ ਵਿਚਾਰ ਦਿਉ।

**(iii)** ਕਿਸੇ ਪਹਾੜੀ ਸਥਾਨ ਦੀ ਯਾਤਰਾ ਦਾ ਹਾਲ ਲਿਖੋ। ਉੱਥੇ ਕੁਦਰਤ ਨਾਲ ਹੋ ਰਹੀ ਛੇੜ-ਛਾੜ ਅਤੇ ਫੈਲ ਰਹੇ ਪ੍ਰਦੂਸ਼ਣ ਬਾਰੇਂ ਵੀ ਦੱਸੋ।

**(iv)** ਸਾਡੇ ਜੀਵਨ ਵਿੱਚ ਅਖ਼ਬਾਰਾਂ ਦਾ ਮਹੱਤਵ।

**(v)** ਕਿਸੇ ਅਜਿਹੀ ਘਟਨਾ ਬਾਰੇ ਦੱਸੋ ਜਿਸਨੂੰ ਵੇਖਕੇ ਤੁਹਾਡਾ ਦਿਲ ਰੱਬ ਦਾ ਲੱਖ-ਲੱਖ ਸ਼ੁਕਰ ਕਰਨ ਨੂੰ ਕੀਤਾ।

**(vi)** ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਵਿਸ਼ੇ 'ਤੇ ਮੌਲਿਕ ਕਹਾਣੀ ਲਿਖੋ :

(a) ਦੇਸ਼ ਪਿਆਰ

(b) ਮਿਹਨਤ ਦਾ ਕੋਈ ਬਦਲ਼ ਨਹੀਂ।

---

**Question 2**

**Read the passage given below carefully and answer in Punjabi the questions that follow, using your own words :**

ਹੇਠ ਲਿਖੀ ਲਿਖਤ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ, ਜਿਥੋਂ ਤੱਕ ਹੋ ਸਕੇ ਆਪਣੀ ਸ਼ਬਦਾਵਲੀ ਦੀ ਵਰਤੋਂ ਕਰੋ :

ਸਰੀਰਕ ਅਰੋਗਤਾ ਦਾ ਸਭ ਤੋਂ ਜ਼ਰੂਰੀ ਨੇਮ ਸਾਡੀ ਖੁਰਾਕ ਹੈ। ਖੁਰਾਕ ਹੀ ਸਰੀਰਕ ਮਸ਼ੀਨਰੀ ਨੂੰ ਤੇਲ ਦਾ ਕੰਮ ਦਿੰਦੀ ਹੈ। ਲੋੜ ਨਾਲੋਂ ਬਹੁਤਾ ਖਾਣਾ ਜਾਂ ਲੋੜ ਨਾਲੋਂ ਥੋੜ੍ਹਾ ਖਾਣਾ ਦੋਵੇਂ ਖਤਰਨਾਕ ਹਨ। ਕਈ ਲੋਕ ਲੋੜ ਤੋਂ ਵਧੇਰੇ ਖਾਂਦੇ ਹਨ। ਵਾਧੂ ਖੁਰਾਕ ਉਹਨਾਂ ਦੇ ਸਰੀਰ ਉੱਤੇ ਵਾਧੂ ਮਾਸ ਤੇ ਚਰਬੀ ਭਰ ਦਿੰਦੀ ਹੈ। ਭਾਰ ਵਧ ਜਾਂਦਾ ਹੈ। ਸਰੀਰ ਦਾ ਫੁਰਤੀਲਾਪਨ ਖਤਮ ਹੋ ਜਾਂਦਾ ਹੈ। ਸੁਸਤੀ ਪਈ ਰਹਿੰਦੀ ਹੈ। ਕਈ ਰੋਗ ਲੱਗ ਜਾਂਦੇ ਹਨ।

ਫਿਰ ਡਾਕਟਰ ਦੀ ਸਲਾਹ ਨਾਲ ਖੁਰਾਕ ਘਟਾ ਕੇ ਭਾਰ ਘਟਾਉਣ ਦੇ ਜਤਨ ਕੀਤੇ ਜਾਂਦੇ ਹਨ। ਰੋਟੀ ਵਕਤ ਸਿਰ ਖਾਧੀ ਜਾਵੇ। ਵੇਲੇ ਕੁਵੇਲੇ ਖਾਣ ਨਾਲ ਸਾਡੀ ਸਿਹਤ ਉੱਤੇ ਬੁਰਾ ਅਸਰ ਪੈਂਦਾ ਹੈ।

ਚੰਗੀ ਤੇ ਸਾਦੀ ਖੁਰਾਕ ਸਰੀਰ ਨੂੰ ਤੰਦਰੁਸਤ ਤੇ ਨਰੋਆ ਰੱਖਣ ਵਿੱਚ ਮਦਦ ਕਰਦੀ ਹੈ। ਜੀਭ ਦੇ ਸਵਾਦਾਂ ਪਿੱਛੇ ਜਾ ਕੇ ਆਪਣੀ ਸਿਹਤ ਖਰਾਬ ਕਰ ਲੈਣੀ ਇੱਕ ਵੱਡੀ ਭੁੱਲ ਹੈ। ਮਸਾਲੇ, ਚਟਣੀਆਂ, ਮਿਰਚਾਂ, ਅਚਾਰ ਤੇ ਖਟਿਆਈ ਸਿਹਤ ਨੂੰ ਨੁਕਸਾਨ ਪੁਚਾਉਣ ਵਾਲੀਆਂ ਚੀਜਾਂ ਹਨ। ਇਸ ਤਰ੍ਹਾਂ ਭੈੜੇ ਘਿਓ ਵਿੱਚ ਜਾਂ ਤੇਲ ਵਿੱਚ ਤਲੀਆਂ ਹੋਈਆਂ ਚੀਜਾਂ ਸਾਡੇ ਮਿਹਦੇ ਨੂੰ ਖ਼ਰਾਬ ਕਰਦੀਆਂ ਹਨ। ਹਰੀਆਂ ਤਰਕਾਰੀਆਂ ਤੇ ਕੱਚੀਆਂ ਸਬਜ਼ੀਆਂ ਵਧੇਰੇ ਵਰਤਣੀਆਂ ਚਾਹੀਦੀਆਂ ਹਨ। ਮੂਲੀ, ਗਾਜਰ, ਟਮਾਟਰ, ਚੁਕੰਦਰ, ਸਲਾਦ ਚੰਗੀਆਂ ਗੁਣਕਾਰੀ ਸਬਜ਼ੀਆਂ ਹਨ, ਤੇ ਇਨ੍ਹਾਂ ਨੂੰ ਕੱਚੇ ਰੂਪ ਵਿੱਚ ਵਰਤਣਾ ਹੋਰ ਵੀ ਲਾਭਦਾਇਕ ਹੈ।

ਸਾਗ ਤੇ ਪਾਲਕ ਆਦਿ ਹਰੇ ਪੱਤਿਆਂ ਵਾਲੀਆਂ ਸਬਜ਼ੀਆਂ ਵਿੱਚ ਵੀ ਵਿਟਾਮਿਨ ਦੀ ਬਹੁਤਾਤ ਹੁੰਦੀ ਹੈ। ਇਸ ਤੋਂ ਛੁੱਟ ਦੁੱਧ, ਦਹੀਂ, ਮੱਖਣ, ਲੱਸੀ ਆਦਿ ਵੀ ਬੜੀਆਂ ਅਮੋਲਕ ਵਸਤੂਆਂ ਹਨ। ਨਸ਼ਿਆਂ ਦਾ ਸੇਵਨ ਸਿਹਤ ਨੂੰ ਖਰਾਬ ਕਰ ਦਿੰਦਾ ਹੈ। ਜੇ ਸਰੀਰ ਵਿੱਚ ਕਿਸੇ ਵਿਸ਼ੇਸ਼ ਅੰਸ਼ ਦੀ ਕਮੀ ਹੋਵੇ ਤਾਂ ਸਿਆਣੇ ਡਾਕਟਰ ਦੀ ਸਲਾਹ ਨਾਲ ਖੁਰਾਕ ਰਾਹੀਂ ਉਹ ਘਾਟਾ ਪੂਰਾ ਕਰਨਾ ਚਾਹੀਦਾ ਹੈ। ਇਹ ਗੱਲ ਬਿਲਕੁਲ ਗ਼ਲਤ ਹੈ ਕਿ ਮਹਿੰਗੇ ਤੇ ਸਵਾਦਲੇ ਪਦਾਰਥ ਖਾਣ ਨਾਲ ਸਰੀਰ ਵਿੱਚ ਤਾਕਤ ਆਉਂਦੀ ਹੈ। ਜੇ ਇਉਂ ਹੁੰਦਾ ਤਾਂ ਕਿਸੇ ਵੀ ਅਮੀਰ ਦੀ ਸਿਹਤ ਕਦੇ ਖਾਰਬ ਨਾ ਹੁੰਦੀ। ਮੁਕਦੀ ਗੱਲ ਇਹ ਹੈ ਕਿ ਖੁਰਾਕ ਸਾਦੀ ਤੇ ਚੰਗੀ ਤਰ੍ਹਾਂ ਚਿੱਥ

ਕੇ ਖਾਧੀ ਜਾਵੇ ਅਤੇ ਠੀਕ ਸਮੇਂ ਸਿਰ ਖਾਧੀ ਜਾਵੇ। ਹਰ ਵੇਲੇ ਕੁਝ ਨਾ ਕੁਝ ਮੂੰਹ ਵਿੱਚ ਪਾ ਕੇ ਢਿੱਡ ਨੂੰ ਤੂੜੀ ਜਾਣਾ ਚੰਗਾ ਨਹੀਂ। ਚੀਜ਼ ਥੋਹੜੀ ਤੇ ਵਕਫ਼ੇ ਨਾਲ ਖਾਣੀ ਚਾਹੀਦੀ ਹੈ।

**(i)** ਸਰੀਰਕ ਅਰੋਗਤਾ ਦਾ ਸਭ ਤੋਂ ਵੱਡਾ ਨੇਮ ਕੀ ਹੈ ? **[3]**

**(ii)** ਜ਼ਿਆਦਾ ਖਾਣ ਦੇ ਕੀ-ਕੀ ਨੁਕਸਾਨ ਹਨ ? **[3]**

**(iii)** ਇਨਸਾਨ ਦੀ ਸਿਹਤ ਤੇ ਕਿਹੜੀਆਂ-ਕਿਹੜੀਆਂ ਚੀਜ਼ਾਂ ਭੈੜਾ ਅਸਰ ਕਰਦੀਆਂ ਹਨ ? **[3]**

**(iv)** ਸਾਡੀ ਸਿਹਤ ਲਈ ਕਿਹੜੀਆਂ ਚੀਜ਼ਾਂ ਗੁਣਕਾਰੀ ਹਨ ? **[3]**

**(v)** ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ :

ਢਿੱਥ, ਅਮੋਲਕ, ਅਰੋਗਤਾ, ਨੇਮ, ਸੁਸਤੀ, ਨਰੋਆ ,ਤੰਦਰੁਸਤ **[3]**

**Question 3**

**(i)** **Correct the following sentences :** **[5]**

ਹੇਠ ਲਿਖੇ ਵਾਕ ਸ਼ੁੱਧ ਕਰਕੇ ਲਿਖੋ :-

**(a)** ਚਿੜੀਆਂ ਦਾ ਹਾਸਾ, ਗਵਾਰਾਂ ਦੀ ਮੌਤ।

**(b)** ਚਲਾਈ-ਚਲਾਈ ਕਰਨੀ।

**(c)** ਅੱਜ ਸਕੂਲ ਹੈ ਚੇਤਨ ਗਿਆ।

**(d)** ਸਾਢੀ ਸਰਕਾਰ ਸਾਰਿਆਂ ਨੂੰ ਬਿਦਯਾ ਦੇਣੀ ਚਾਹੁੰਦੀ ਹੈ।

**(e)** ਕੰਮ ਪਕੇ ਇਰਾਦੇ ਅਤੇ ਬਿਸਵਾਸ਼ ਨਾਲ ਕਰੋ।

**(ii)** **Use the following idioms in sentences of your own to illustrate their meaning :** **[5]**

ਹੇਠ ਲਿਖੇ ਮੁਹਾਂਵਰਿਆਂ ਨੂੰ ਆਪਣੇ ਵਾਕਾਂ ਵਿੱਚ ਵਰਤੋ :

**(a)** ਇੱਟ ਘੜੇ ਦਾ ਵੈਰ ਹੋਣਾ

**(b)** ਅੱਤ ਚੁੱਕਣੀ

**(c)** ਅੱਜ-ਕੱਲ੍ਹ ਕਰਨਾ

**(d)** ਕਬਰਾਂ ਵਿੱਚ ਪੈਰ ਹੋਣੇ

**(e)** ਨੱਕ 'ਚ ਦਮ ਕਰਨਾ।

## SECTION—B

## PRESCRIBED TEXTBOOKS - 40 Marks

*Answer **four** questions from this Section on at least three of the prescribed textbooks.*

**ਕਥਾ ਸੰਗਮ (Katha Sangam)**

**Question 4**

ਹੇਠ ਲਿਖੀ ਲਿਖਤ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

"ਲਗਦਾ ਐ, ਆਹੂਜੇ ਦੀ ਮਾਂ ਪੂਰੀ ਹੋ ਗਈ", ਮੇਰੀ ਪਤਨੀ ਨੇ ਬਾਹਰੋਂ ਆ ਕੇ ਮੇਰੇ ਕੋਲ ਖਲੋਂਦਿਆਂ ਕਿਹਾ। ਸਵੇਰੇ-ਸਵੇਰੇ ਅਜਿਹੀ ਖ਼ਬਰ ਬੰਦੇ ਨੂੰ ਸੋਗੀ ਬਣਾ ਸਕਦੀ ਹੈ।

(i) ਲੇਖਕ ਦੀ ਪਤਨੀ ਕਿਸ ਅਧਾਰ ਤੇ ਸੋਚਦੀ ਹੈ ਕਿ ਅਹੂਜਾ ਦੀ ਮਾਂ ਮਰ ਚੁੱਕੀ ਹੈ ? **[1]**

(ii) ਛਾਬੜਾ ਪਰਿਵਾਰ ਦਾ ਵਰਤਾਉ ਆਪਣੇ ਗੁਆਂਢੀਆਂ ਪ੍ਰਤੀ ਕਿਹੋ ਜਿਹਾ ਸੀ? ਸੰਖੇਪ ਵਿੱਚ ਦੱਸੋ ? **[2]**

(iii) ਅਹੂਜਾ ਦੀ ਮਾਂ ਦੇ ਮਰਨ ਪਿੱਛੋਂ ਉਸਨੂੰ ਅੰਤਿਮ ਵਿਦਾਈ ਕਿਸ ਤਰ੍ਹਾਂ ਦਿੱਤੀ ਗਈ ? ਸੰਖੇਪ ਵਿੱਚ ਦੱਸੋ ? **[2]**

(iv) "ਇੱਕਵੀਂ ਸਦੀ" ਕਹਾਣੀ ਵਿੱਚ ਲੇਖਕ ਨੇ ਮਨੁੱਖੀ ਕਦਰਾਂ ਕੀਮਤਾਂ ਵਿੱਚ ਆ ਰਹੀ ਗਿਰਾਵਟ ਨੂੰ ਕਿਵੇਂ ਪੇਸ਼ ਕੀਤਾ ਹੈ ? ਸੰਖੇਪ ਵਿੱਚ ਲਿਖੋ। **[5]**

**Question 5**

'ਗੋਈ' ਕਹਾਣੀ ਦੀ ਸਮੱਸਿਆ ਬਾਰੇ ਸੰਖੇਪ ਵਿੱਚ ਦੱਸਦਿਆਂ ਇਸਦੇ ਹੱਲ ਬਾਰੇ ਆਪਣੇ ਸੁਝਾਅ ਲਿਖੋ। **[10]**

**Question 6**

'ਘਰ ਦਾ ਪਿਆਰ' ਲੇਖ ਵਿੱਚ ਲੇਖਕ ਨੇ ਗੁਰੂ ਨਾਨਕ ਦੇਵ ਜੀ ਬਾਰੇ ਕੀ ਵਿਚਾਰ ਪੇਸ਼ ਕੀਤੇ ਹਨ ? ਪਰਦੇਸ਼ ਯਾਤਰਾਂ ਤੋਂ ਬਾਅਦ ਘਰ ਪਹੁੰਚਣ ਵਾਲੀ ਘਟਨਾ ਸੰਖੇਪ ਵਿੱਚ ਬਿਆਨ ਕਰੋ। **[10]**

**ਕਾਵਿ-ਕਿਆਰੀ (Kav-Keyari)**

**Question 7**

ਹੇਠ ਲਿਖੀ ਲਿਖਤ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਤੱਕ ਤੱਕ ਕਸਬ ਹੁਨਰ ਮੁਗਲਾਂ ਦਾ<br>
ਹੈਰਤ ਵੁਧਦੀ ਜਾਵੇ;<br>
ਸ਼ਾਹ ਜਹਾਨ ਦੇ ਸੁਹਜ-ਸਵਾਦ ਨੂੰ<br>
ਲੂੰ ਲੂੰ ਪਿਆਂ ਸਲਾਹਵੇ।<br>
ਏਨੇ ਨੂੰ ਗੁੰਬਦ ਦਾ ਆਂਡਾ<br>
ਟੋਟੇ ਟੋਟੇ ਹੋਇਆ,

ਚੀਕਾਂ ਕੂਕਾਂ ਤੇ ਫ਼ਰਿਹਾਦਾਂ
ਜਾ ਅੰਬਰ ਨੂੰ ਛੋਹਿਆ।

(i) ਇਸ ਕਵਿਤਾ ਦਾ ਕਵੀ ਕੌਣ ਹੈ ? [1]

(ii) ਕਵਿਤਾ ਵਿੱਚ ਮਜ਼ਦੂਰਾਂ ਅਤੇ ਮਜ਼ਦੂਰਨੀਆਂ ਦੀ ਤਰਸਯੋਗ ਹਾਲਤ ਦਾ ਵਰਨਣ ਕਿਵੇਂ ਕੀਤਾ ਗਿਆ ਹੈ ? [2]

(iii) ਕਵੀ ਰਾਤ ਸਮੇਂ ਦੇ ਦ੍ਰਿਸ਼ ਨੂੰ ਕਿਵੇਂ ਬਿਆਨ ਕਰਦਾ ਹੈ ? ਸੰਖੇਪ ਵਿੱਚ ਦੱਸੋ ? [2]

(iv) ਇਸ ਕਵਿਤਾ ਦਾ ਵਿਸ਼ਾ ਕੀ ਹੈ ? [5]

**Question 8**

'ਚੰਡੀ ਦੀ ਵਾਰ' ਦਾ ਅਰਥ ਦੱਸਦਿਆਂ ਇਸ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ। [10]

**Question 9**

ਭਾਈ ਵੀਰ ਸਿੰਘ ਦੁਆਰਾ ਲਿਖੀ ਕਵਿਤਾ 'ਗੰਗਾ ਰਾਮ' ਦਾ ਵਿਸ਼ਾ ਦੱਸਦੇ ਹੋਏ ਉਸਦਾ ਸੰਖੇਪ ਸਾਰ ਲਿਖੋ। [10]

## ਮੜ੍ਹੀ ਦਾ ਦੀਵਾ (Mari Da Diva)

**Question 10**

ਹੇਠ ਲਿਖੀ ਲਿਖਤ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਸਵੇਰ-ਸਾਰ, ਸੁਟ੍ਹੀ ਨੰਦੀਂ ਤੋਂ ਸੱਬਲ ਮੰਗਣ ਆਈ ਵਿਹੜੇ ਵਿਚ ਏਧਰ-ਉਧਰ ਝਾਕਦਿਆਂ ਉਹਦੀ ਨਿਗ੍ਹਾ ਜਗਸੀਰ ਦੀ, ਰਾਤ ਬਣਾਈ ਮੜ੍ਹੀ ਉੱਤੇ ਜਾ ਪਈ। ਇਕ ਵਾਰੀ ਤਾਂ ਉਹ ਹੈਰਾਨੀ ਨਾਲ ਠਠੰਬਰ ਗਈ। ਪਰ ਫੇਰ ਗੱਲ ਸਮਝਣ ਦਾ ਯਤਨ ਕਰਦੀ ਮੁਸਕਰਾਉਣ ਲਗ ਪਈ।

(i) ਨਾਵਲ ਦਾ ਲੇਖਕ ਕੌਣ ਹੈ ? [1]

(ii) ਮੜ੍ਹੀ ਇੱਥੇ ਕਿਉਂ ਬਣਾਈ ਗਈ ? [2]

(iii) ਸੁਟ੍ਹੀ ਦੇ ਸੁਭਾਅ ਬਾਰੇ ਸੰਖੇਪ ਵਿੱਚ ਦੱਸੋ। [2]

(iv) ਇਸ ਸਾਰੀ ਘਟਨਾ ਪਿੱਛੇ ਜ਼ਿੰਮੇਵਾਰ ਕੌਣ ਹੈ ਅਤੇ ਕਿਵੇਂ ? [5]

**Question 11**

ਭਾਨੀ ਕੌਣ ਹੈ ? ਉਸਦੇ ਜਗਸੀਰ ਨਾਲ ਪਿਆਰ-ਸਬੰਧਾਂ ਬਾਰੇ ਤੁਸੀਂ ਕੀ ਜਾਣਦੇ ਹੋ ? **[10]**

**Question 12**

ਜਗਸੀਰ ਦੇ ਵਿਹੜੇ ਦੇ ਘਰਾਂ ਦੀ ਜ਼ਿੰਦਗੀ ਦਾ ਹਾਲ ਬਿਆਨ ਕਰੋ। ਉਸਨੂੰ ਇਹ ਘਰ 'ਕੁੱਤਿਆਂ ਦੇ ਘੋਰਨਿਆਂ' ਵਰਗੇ ਕਿਉਂ ਲਗਦੇ ਹਨ ? **[10]**

## ਕਲ੍ਹ ਅੱਜ ਤੇ ਭਲਕ (Kal Ajj Te Bhalak)

**Question 13**

ਹੇਠ ਲਿਖੀ ਲਿਖਤ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਪਹਿਲਾ : ਮਾਈ, ਕਿਉਂ ਗੱਲ ਵਧਾਉਂਦੀ ਏਂ, ਭੁੱਖੇ ਪੇਟੋਂ ਜੇ ਕੋਈ ਅਵੱਲੀ ਨਿਕਲ ਈ ਗਈ ਏ, ਤਾਂ ਆਖ਼ਰ ਕਿਹੜੀ ਆ ਗਈ।

ਦੂਜਾ : ਚਲੋ ਸਾਨੂੰ ਲੰਗਰ 'ਚ ਬਹਿ ਕੇ ਦੋ-ਦੋ ਪਰਛਾਦੇ ਛਕ ਲੈਣ ਦਿਉ, ਫੇਰ ਅਸੀਂ ਆਪੇ ਕਿਧਰੇ ਟਿਭ ਜਾਵਾਂਗੇ।

ਸਾਧੂ : ਦਫ਼ਾ ਹੋਵੇ, ਇਥੇ ਕੋਈ ਲੰਗਰ ਸ਼ੰਗਰ ਨਹੀਂ ਲਗਦਾ।

ਪ੍ਰੇਮੋ : .ਬਸ ਦਿਨ ਸੁਦ ਨੂੰ ਭੰਡਾਰਾ ਵਰਤਦਾ ਏ। ਸਾਧੂ ਲੋਕ ਤਾਂ ਆਪ ਭਿੱਛਿਆ ਮੰਗ ਮੰਗ ਖਾਂਦੇ ਨੇ।

(i) ਪਹਿਲਾ ਅਤੇ ਦੂਜਾ ਪਾਤਰ ਅਸਲੀਅਤ ਵਿੱਚ ਕੌਣ ਹਨ ? **[1]**

(ii) ਪ੍ਰੇਮੋ ਕਿਹੋ ਜਿਹੀ ਔਰਤ ਹੈ ? **[2]**

(iii) ਇਹ ਪਾਤਰ ਡੇਰੇ ਵਿੱਚ ਕਿਉਂ ਆਏ ਹਨ ? ਇਹ ਡੇਰੇ ਅੰਦਰ ਦਾਖ਼ਲ ਕਿਉਂ ਨਹੀਂ ਹੁੰਦੇ ? **[2]**

(iv) 'ਕਲ੍ਹ ਅੱਜ ਤੇ ਭਲਕ' ਨਾਟਕ ਵਿੱਚ ਨਾਟਕਕਾਰ ਕੀ ਕਹਿਣਾ ਚਾਹੁੰਦਾ ਹੈ ? **[5]**

**Question 14**

ਭਲਵਾਨ, ਜੈਲਦਾਰ ਅਤੇ ਸੁੱਚਾ ਸਿੰਘ ਦੁਆਰਾ ਫ਼ੰਡ ਇਕੱਠਾ ਕਰਨ ਦੇ ਦ੍ਰਿਸ਼ ਨੂੰ ਸੰਖੇਪ ਵਿੱਚ ਲਿਖੋ। **[10]**

**Question 15**

ਨਾਟਕ ਵਿੱਚ ਪੜ੍ਹੀ ਲਿਖੀ ਅਤੇ ਅਨਪੜ੍ਹ ਔਰਤਾਂ ਦਾ ਕਿਹੜਾ ਰੂਪ ਸਾਹਮਣੇ ਆਉਂਦਾ ਹੈ ? **[10]**

---